# 2 ਸੋਨ ਪਰੀ

**ਪਾਠ ਦਾ ਉਦੇਸ਼—** ਵਿਦਿਆਰਥੀਆਂ ਨੂੰ ਦੰਦਾਂ ਦੀ ਨਿਯਮਿਤ ਸਫ਼ਾਈ ਕਰਨ ਲਈ ਪ੍ਰੇਰਿਤ ਕਰਨਾ।

ਨੀਨਾ ਇੱਕ ਬਹੁਤ ਹੀ ਪਿਆਰੀ ਬੱਚੀ ਸੀ। ਉਸ ਦਾ ਕੋਈ ਵੀ ਦੋਸਤ ਨਹੀਂ ਸੀ। ਉਹ ਆਪਣੀ ਹਮ ਉਮਰ ਦੇ ਬੱਚਿਆਂ ਨਾਲ ਗੱਲ ਕਰਨ ਦੀ ਜਦ ਵੀ **ਕੋਸ਼ਿਸ਼** ਕਰਦੀ, ਉਹ ਉਸ ਤੋਂ ਦੂਰ-ਦੂਰ ਭੱਜਦੇ ਰਹਿੰਦੇ। ਅਸਲ ਵਿੱਚ ਨੀਨਾ ਨੂੰ ਹਰ ਰੋਜ਼ ਦੰਦ ਸਾਫ਼ ਕਰਨ ਦੀ ਆਦਤ ਨਹੀਂ ਸੀ। ਇਸ ਕਰਕੇ ਉਸ ਦੇ ਮੂੰਹ ਵਿੱਚੋਂ **ਬਦਬੂ** ਆਉਂਦੀ ਰਹਿੰਦੀ ਸੀ।



ਇੱਕ ਦਿਨ ਉਹ ਆਪਣੇ ਸਕੂਲ ਦੇ ਦੋਸਤਾਂ ਨਾਲ ਸਕੂਲ ਪਿਕਨਿਕ ਤੇ ਗਈ। ਬੱਚਿਆਂ ਨੇ ਬਾਗ਼ ਵਿੱਚ ਪੁੱਜਦੇ ਹੀ ਟੋਲੀਆਂ ਬਣਾ ਕੇ ਖੇਡਣਾ ਸ਼ੁਰੂ ਕਰ ਦਿੱਤਾ। ਪਰ ਨੀਨਾ ਨੂੰ ਕਿਸੇ ਨੇ ਵੀ ਆਪਣੀ ਟੋਲੀ ਵਿੱਚ ਨਾ ਲਿਆ। ਇਸ ਲਈ ਨੀਨਾ ਬਹੁਤ ਉਦਾਸ ਸੀ। ਉਹ ਚੁਪ ਚਾਪ ਇੱਕ ਕੋਨੇ ਵਿੱਚ ਉਦਾਸ ਹੋ ਕੇ ਬੈਠ ਗਈ।

ਅਚਾਨਕ ਉਸ ਨੇ ਬਾਗ਼ ਵਿੱਚ ਇੱਕ **ਕੰਡਿਆਲੀ** ਝਾੜੀ ਵੇਖੀ ਜਿਸ ਵਿੱਚ ਇੱਕ **ਸੁਨਹਿਰੀ** ਰੰਗ ਦੀ ਗੇਂਦ ਪਈ ਸੀ। ਨੀਨਾ ਨੂੰ ਉਹ ਗੇਂਦ ਬਹੁਤ ਪਿਆਰੀ ਲੱਗ ਰਹੀ ਸੀ। ਓਹ ਗੇਂਦ ਲੈਣ ਲਈ ਝਾੜੀ ਕੋਲ ਗਈ। ਉਸ ਨੇ ਗੇਂਦ ਕੋਲ ਪਹੁੰਚਣ ਦਾ ਯਤਨ ਕੀਤਾ। ਹੌਲ਼ੀ-ਹੌਲ਼ੀ ਉਸ ਨੇ

ਗੇਂਦ ਦੇ ਆਸ-ਪਾਸ ਦੇ ਕੰਡੇ ਪਰ੍ਹੇ ਹਟਾਉਣੇ ਸ਼ੁਰੂ ਕੀਤੇ। ਇੰਝ ਕਰਦਿਆਂ ਕਈ ਕੰਡੇ ਉਸ ਦੇ
ਵੀ ਗਏ ਪਰ ਨੀਨਾ ਹਰ ਹਾਲ ਵਿੱਚ ਉਸ ਸੁਨਹਿਰੀ ਗੇਂਦ ਨੂੰ ਪ੍ਰਾਪਤ ਕਰਨਾ ਚਾਹੁੰਦੀ
ਆਖਿਰ ਉਹ ਗੇਂਦ ਤੱਕ ਪੁੱਜ ਹੀ ਗਈ। ਜਿਵੇਂ ਹੀ ਉਹ ਗੇਂਦ ਲੈ ਕੇ ਬਾਹਰ ਆਈ, ਗੇਂਦ ਉ
ਹੱਥੋਂ ਛੁੱਟ ਗਈ। ਗੇਂਦ ਦੇ ਜ਼ਮੀਨ ਤੇ ਵੱਜਦਿਆਂ ਹੀ ਇੱਕ ਸੁਨਹਿਰੀ ਰੰਗ ਦੀ ਪਰੀ ਪ੍ਰਗਟ ਹੋ
ਉਸ ਦੇ ਹੱਥ ਵਿੱਚ ਇੱਕ ਸੁਨਹਿਰੀ ਸੋਟੀ ਵੀ ਸੀ ਜਿਸ ਤੇ ਤਾਰਾ ਲੱਗਿਆ ਹੋਇਆ ਸੀ ਉ
ਨੀਨਾ ਨੂੰ ਕਿਹਾ "ਨੀਨਾ ! ਤੂੰ ਬਹੁਤ ਪਿਆਰੀ ਬੱਚੀ ਹੈਂ। ਤੂੰ ਮੈਨੂੰ ਇਸ ਗੇਂਦ 'ਚੋਂ ਅਜ਼
ਕਰਵਾਇਆ ਹੈ। ਇੱਕ ਜਾਦੂਗਰ ਨੇ ਮੈਨੂੰ ਗੇਂਦ ਵਿੱਚ ਬੰਦ ਕਰਕੇ ਇਸ ਝਾੜੀ ਵਿੱਚ ਲੁਕੋ ਦਿੱ
ਸੀ ਤਾਂ ਜੋ ਮੈਨੂੰ ਕੰਡਿਆਂ ਦੇ ਡਰ ਤੋਂ ਕੋਈ ਕੱਢ ਨਾ ਸਕੇ। ਪਰ ਤੇਰਾ ਬਹੁਤ ਧੰਨਵਾਦ
ਕੰਡਿਆਂ ਦੀ ਪਰਵਾਹ ਕੀਤੇ ਬਿਨਾਂ ਮੈਨੂੰ ਅਜ਼ਾਦ ਕੀਤਾ ਹੈ।" ਮੈਂ ਤੇਰੀ ਇੱਕ ਇੱਛਾ ਪੂਰੀ ਕਰ
ਚਾਹੁੰਦੀ ਹਾਂ। ਬੋਲ ! ਤੈਨੂੰ ਕੀ ਚਾਹੀਦਾ ਹੈ?



ਨੀਨਾ ਨੇ ਪਰੀ ਨੂੰ ਕਿਹਾ, " ਮੇਰਾ ਕੋਈ ਦੋਸਤ ਨਹੀਂ। ਮੈਂ ਚਾਹੁੰਦੀ ਹਾਂ ਮੇਰੇ ਸਾਰੇ ਦੋਸ
ਮੈਨੂੰ ਪਸੰਦ ਕਰਨ ਤੇ ਮੈਂ ਉਹਨਾਂ ਨਾਲ ਖੇਡਾਂ।" "ਅਜਿਹਾ ਹੀ ਹੋਏਗਾ।" ਪਰੀ ਨੇ ਕਿਹਾ "ਪ
ਤੈਨੂੰ ਇੱਕ ਵਾਅਦਾ ਕਰਨਾ ਹੋਏਗਾ ਕਿ ਤੂੰ ਹਰ ਰੋਜ਼ ਨਹਾਉਣ ਤੋਂ ਪਹਿਲਾਂ ਦੰਦ ਸਾਫ਼ ਕਰੇਂ



ਅਤੇ ਜਦੋਂ ਵੀ ਕੋਈ ਚੀਜ਼ ਖਾਵੇਂਗੀ ਉਸ ਤੋ
ਹਿਲਾਂ ਵੀ ਚੰਗੀ ਤਰ੍ਹਾਂ ਦੰਦ ਸਾਫ਼ ਕਰਕੇ
ਹੁਤ ਸਾਰੇ ਦੋਸਤ ਹੋਣਗੇ ਜੋ ਤੇਰੇ ਨਾਲ
ਹੁਤ ਚੰਗੀ ਹੈਂ ਅਤੇ ਸਭ ਦੀ ਮਦਦ ਕਰਕੇ
ਨੀਨਾ ਨੇ ਪਰੀ ਨੂੰ ਵਾਅਦਾ ਕੀਤਾ
ਨੀਨਾ ਨੇ ਪਰੀ ਦੀਆਂ ਸਾਰੀਆਂ
ਭੱਜਦੇ ਸਨ ਸਗੋਂ ਨੀਨਾ ਵਰਗੇ
ਰਨਾ ਚਾਹੁੰਦਾ ਸੀ।

**ਯਾਦ ਰੱਖਣ ਯੋਗ ਗੱਲਾਂ :**

- ਕੁਝ ਵੀ ਖਾਣ ਤੋਂ ਬਾਅਦ ਕੁਰ
- ਸਵੇਰੇ ਉਠਦਿਆਂ ਹੀ ਅਤੇ ਰਾ

**ਔਖੇ ਸ਼ਬਦਾਂ ਦੇ ਅਰਥ**

ਕੋਸ਼ਿਸ਼ – ਯਤਨ (try); ਬਦਬੂ
(throny); ਸੁਨਹਿਰੀ – ਸੋਨੇ ਦੇ
– ਸਹਾਇਤਾ (help); ਅਲੋਪ –
ਦੋਸਤੀ – ਮਿੱਤਰਤਾ (friendsh

**ਮੌਖਿਕ ਪ੍ਰਸ਼ਨ (ORAL Q.)**

(1) ਸ਼ੁੱਧ ਉਚਾਰਨ ਕ

ਬਦਬੂ, ਪਿਕਨਿ

ਸ਼ੁਰੂ ਕੀਤੇ। ਇੰਝ ਕਰਦਿਆਂ ਕਈ ਕੰਡੇ ਉਸ ਦੇ
ਸੁਨਹਿਰੀ ਗੇਂਦ ਨੂੰ ਪ੍ਰਾਪਤ ਕਰਨਾ ਚਾਹੁੰਦੀ
ਵੇਂ ਹੀ ਉਹ ਗੇਂਦ ਲੈ ਕੇ ਬਾਹਰ ਆਈ, ਗੇਂਦ ਉ
ਆਂ ਹੀ ਇੱਕ ਸੁਨਹਿਰੀ ਰੰਗ ਦੀ ਪਰੀ ਪ੍ਰਗਟ ਹੋ
ਸੀ ਜਿਸ ਤੇ ਤਾਰਾ ਲੱਗਿਆ ਹੋਇਆ ਸੀ ਉ
ਾਰੀ ਬੱਚੀ ਹੈਂ। ਤੂੰ ਮੈਨੂੰ ਇਸ ਗੇਂਦ 'ਚੋਂ ਅਜ਼
ਦ ਵਿੱਚ ਬੰਦ ਕਰਕੇ ਇਸ ਝਾੜੀ ਵਿੱਚ ਲੁਕੋ ਦਿ
ਕੱਢ ਨਾ ਸਕੇ। ਪਰ ਤੇਰਾ ਬਹੁਤ ਧੰਨਵਾਦ।
ਦ ਕੀਤਾ ਹੈ।" ਮੈਂ ਤੇਰੀ ਇੱਕ ਇੱਛਾ ਪੂਰੀ ਕਰ



ਸਤ ਨਹੀਂ। ਮੈਂ ਚਾਹੁੰਦੀ ਹਾਂ ਮੇਰੇ ਸਾਰੇ ਦੋਸ
ਅਜਿਹਾ ਹੀ ਹੋਏਗਾ।" ਪਰੀ ਨੇ ਕਿਹਾ "ਪ
ਜ਼ ਨਹਾਉਣ ਤੋਂ ਪਹਿਲਾਂ ਦੰਦ ਸਾਫ਼ ਕਰੇਂਗ



ਅਤੇ ਜਦੋਂ ਵੀ ਕੋਈ ਚੀਜ਼ ਖਾਵੇਂਗੀ ਉਸ ਤੋਂ ਬਾਅਦ ਕੁਰਲੀ ਜ਼ਰੂਰ ਕਰੇਂਗੀ। ਰਾਤ ਨੂੰ ਸੌਣ ਤੋਂ ਪਹਿਲਾਂ ਵੀ ਚੰਗੀ ਤਰ੍ਹਾਂ ਦੰਦ ਸਾਫ਼ ਕਰਕੇ ਹੀ ਸੌਵੇਂਗੀ, ਜੇਕਰ ਤੂੰ ਅਜਿਹਾ ਕੀਤਾ ਤਾਂ ਤੇਰੇ ਬਹੁਤ ਸਾਰੇ ਦੋਸਤ ਹੋਣਗੇ ਜੋ ਤੇਰੇ ਨਾਲ ਹੀ ਖੇਡਣਾ ਪਸੰਦ ਕਰਨਗੇ ਕਿਉਂਕਿ ਤੂੰ ਦਿਲ ਦੀ ਬਹੁਤ ਚੰਗੀ ਹੈਂ ਅਤੇ ਸਭ ਦੀ ਮਦਦ ਕਰਕੇ ਤੈਨੂੰ ਖੁਸ਼ੀ ਹੁੰਦੀ ਹੈ।"

ਨੀਨਾ ਨੇ ਪਰੀ ਨੂੰ ਵਾਅਦਾ ਕੀਤਾ ਤੇ ਪਰੀ ਅਲੋਪ ਹੋ ਗਈ।

ਨੀਨਾ ਨੇ ਪਰੀ ਦੀਆਂ ਸਾਰੀਆਂ ਗੱਲਾਂ ਮੰਨ ਲਈਆਂ। ਹੁਣ ਉਸ ਦੇ ਸਾਥੀ ਉਸ ਤੋਂ ਦੂਰ ਨਹੀਂ ਭੱਜਦੇ ਸਨ ਸਗੋਂ ਨੀਨਾ ਵਰਗੇ ਪਿਆਰੇ ਸੁਭਾਅ ਵਾਲੀ ਕੁੜੀ ਨਾਲ ਹਰ ਕੋਈ ਦੋਸਤੀ ਕਰਨਾ ਚਾਹੁੰਦਾ ਸੀ।

**ਯਾਦ ਰੱਖਣ ਯੋਗ ਗੱਲਾਂ :**

- ਕੁਝ ਵੀ ਖਾਣ ਤੋਂ ਬਾਅਦ ਕੁਰਲੀ ਕਰਨੀ ਜ਼ਰੂਰੀ ਹੈ।
- ਸਵੇਰੇ ਉਠਦਿਆਂ ਹੀ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਦੰਦ ਸਾਫ਼ ਕਰਨੇ ਜ਼ਰੂਰੀ ਹਨ।

**ਔਖੇ ਸ਼ਬਦਾਂ ਦੇ ਅਰਥ**

ਕੋਸ਼ਿਸ਼ – ਯਤਨ (try); ਬਦਬੂ – ਦੁਰਗੰਧ (smell); ਕੰਡਿਆਲੀ – ਕੰਡਿਆਂ ਵਾਲੀ (throny); ਸੁਨਹਿਰੀ – ਸੋਨੇ ਦੇ ਰੰਗ ਵਾਲੀ (golden); ਅਜ਼ਾਦ – ਸੁਤੰਤਰ (free); ਮਦਦ – ਸਹਾਇਤਾ (help); ਅਲੋਪ – ਗਾਇਬ (disappear); ਸਾਥੀ – ਮਿੱਤਰ (friends); ਦੋਸਤੀ – ਮਿੱਤਰਤਾ (friendship);

**ਆਓ! ਯੋਗਤਾ ਪਰਖੀਏ**

**ਮੌਖਿਕ ਪ੍ਰਸ਼ਨ (ORAL Q.)**

(1) ਸ਼ੁੱਧ ਉਚਾਰਨ ਕਰੋ -

ਬਦਬੂ, ਪਿਕਨਿਕ, ਸੁਨਹਿਰੀ, ਕੰਡਿਆਲੀ, ਜਾਦੂਗਰ, ਪਰਵਾਹ, ਕੁਰਲੀ

(2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਜ਼ੁਬਾਨੀ ਦਿਓ -

(ੳ) ਸਰੀਰ ਦੀ ਸਫ਼ਾਈ ਰੱਖਣੀ ਕਿਉਂ ਜ਼ਰੂਰੀ ਹੈ?

(ਅ) ਸਰੀਰ ਦੇ ਸਾਰੇ ਅੰਗਾਂ ਦੀ ਸਹੀ ਢੰਗ ਨਾਲ ਸਫ਼ਾਈ ਨਾ ਕਰਨ ਤੇ ਕੀ ਹੁੰਦਾ

(ੲ) ਦੰਦਾਂ ਦੀ ਸਫ਼ਾਈ ਕਿਵੇਂ ਕੀਤੀ ਜਾਂਦੀ ਹੈ?

(ਸ) ਕੀ ਤੁਸੀਂ ਨਿਯਮਿਤ ਰੂਪ ਵਿੱਚ ਦੰਦ ਸਾਫ਼ ਕਰਦੇ ਹੋ?

## ਹੁਣ ਲਿਖਣ ਦੀ ਵਾਰੀ (Writing Skills)

(3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ -

(ੳ) ਨੀਨਾ ਕਿਹੋ ਜਿਹੀ ਬੱਚੀ ਸੀ?

ਪਿਆਰੀ ☑ ਭੱਦੀ ☐ ਜ਼ਿੱਦੀ ☐

(ਅ) ਕੰਡਿਆਲੀ ਝਾੜੀ ਵਿੱਚ ਕੀ ਪਿਆ ਸੀ?

ਕਿਤਾਬ ☐ ਸੁਨਹਿਰੀ ਗੇਂਦ ☑ ਕੁਝ ਨਹੀਂ ☐

(ੲ) ਨੀਨਾ ਕਿਸ ਨਾਲ ਖੇਡਣਾ ਚਾਹੁੰਦੀ ਸੀ?

ਪਰੀ ਨਾਲ ☐ ਆਪਣੇ ਦੋਸਤਾਂ ਨਾਲ ☑ ਕਿਸੇ ਨਾਲ ਨਹੀਂ ☐

(4) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ -

(ੳ) ਨੀਨਾ ਦੇ ਦੋਸਤ ਉਸ ਤੋਂ ਦੂਰ-ਦੂਰ ਕਿਉਂ ਭੱਜਦੇ ਸਨ?

______________________

______________________

(ਅ) ਨੀਨਾ ਨੇ ਸੁਨਹਿਰੀ ਗੇਂਦ ਕਿਵੇਂ ਪ੍ਰਾਪਤ ਕੀਤੀ?

______________________

______________________

(ੲ) ਸੁਨਹਿਰੀ ਗੇਂਦ ਵਿੱਚੋਂ ਕ

ਬੰਦ ਕੀਤਾ ਸੀ?

______________________

______________________

(ਸ) ਪਰੀ ਨੇ ਨੀਨਾ ਨੂੰ ਕੀ

______________________

______________________

(5) ਹੇਠਾਂ ਦਿੱਤੇ ਖ਼ਾਨੇ ਵਿੱਚੋਂ ਸ਼

ਟੋਲੀ, ਬ

(ੳ) ਨੀਨਾ ਦੇ ਮੂੰਹ ਵਿ

(ਅ) ਨੀਨਾ ਨੂੰ ਕਿਸੇ

(ੲ) ਨੀਨਾ ਨੇ ______

(ਸ) ਪਰੀ ਨੀਨਾ ਦ

## ਵਾਕ ਰਚਨਾ ਸੰਬੰਧੀ ਅਭਿਆਸ

(6) ਹੇਠ ਲਿਖੇ ਸ਼ਬਦਾਂ ਦ

ਸ਼ਬਦ

ਪਿਆਰੀ

ਦੋਸਤ

ਉਦਾਸ

ਸੁਨਹਿਰੀ

(ਏ) ਸੁਨਹਿਰੀ ਗੇਂਦ ਵਿੱਚੋਂ ਕੀ ਨਿਕਲਿਆ ਤੇ ਉਸਨੂੰ ਉਸ ਗੇਂਦ ਵਿੱਚ ਕਿਸਨੇ ਬੰਦ ਕੀਤਾ ਸੀ?

(ਸ) ਪਰੀ ਨੇ ਨੀਨਾ ਨੂੰ ਕੀ ਕਰਨ ਦੀ ਸਲਾਹ ਦਿੱਤੀ?

(5) ਹੇਠਾਂ ਦਿੱਤੇ ਖ਼ਾਨੇ ਵਿੱਚੋਂ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ -

ਟੋਲੀ, ਬਦਬੂ, ਇੱਛਾ, ਕੰਡੇ

(ੳ) ਨੀਨਾ ਦੇ ਮੂੰਹ ਵਿੱਚੋਂ ________ ਆਉਂਦੀ ਰਹਿੰਦੀ ਸੀ।

(ਅ) ਨੀਨਾ ਨੂੰ ਕਿਸੇ ਨੇ ਵੀ ਆਪਣੀ ________ ਵਿੱਚ ਨਾ ਲਿਆ।

(ੲ) ਨੀਨਾ ਨੇ ________ ਪਰ੍ਹੇ ਹਟਾ ਕੇ ਗੇਂਦ ਪ੍ਰਾਪਤ ਕੀਤੀ।

(ਸ) ਪਰੀ ਨੀਨਾ ਦੀ ਇੱਕ ________ ਪੂਰੀ ਕਰਨਾ ਚਾਹੁੰਦੀ ਸੀ।

## ਵਾਕ ਰਚਨਾ ਸੰਬੰਧੀ ਅਭਿਆਸ

(6) ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਕਰੋ -

| ਸ਼ਬਦ | | ਵਾਕ |
|---|---|---|
| ਪਿਆਰੀ | – | |
| ਦੋਸਤ | – | |
| ਉਦਾਸ | – | |
| ਸੁਨਹਿਰੀ | – | |